# ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ

ਛੇਵੀਂ ਮੰਜ਼ਿਲ, ਬਲਾਕ-ਈ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ, ਫੇਜ਼-8,ਐਸ.ਏ.ਐਸ.ਨਗਰ

Email: -directorscert@punjabeducation.gov.inਫੋਨ ਨੰਬਰ:-0172-2212221

ਵੱਲ:

1. ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈ.ਸਿ.), ਪੰਜਾਬ।
2. ਸਮੂਹ ਪ੍ਰਿੰਸੀਪਲ ਮੈਰੀਟੋਰੀਅਸ ਸੋਸਾਇਟੀ, ਪੰਜਾਬ।
3. ਸਮੂਹ ਪ੍ਰਿੰਸੀਪਲ, ਸਸਸਸ(ਸਾਇੰਸ ਗਰੁੱਪ), ਪੰਜਾਬ।

ਪੱਤਰ ਨੰ:ਮਿਸ਼ਨ100%/2024/ 600296

ਮਿਤੀ: 05-01-2024

ਵਿਸ਼ਾ: 12ਵੀਂ ਜਮਾਤ ਦੇ ਸਾਇੰਸ ਸਟਰੀਮ ਦੇ ਸੁਪਰ-5000 ਵਿਦਿਆਰਥੀਆਂ ਸਬੰਧੀ।

1. ਉਪਰੋਕਤ ਵਿਸ਼ੇ ਸਬੰਧੀ ਮਾਨਯੋਗ ਸਿੱਖਿਆ ਮੰਤਰੀ, ਪੰਜਾਬ ਜੀ ਵਲੋਂ 'ਮਿਸ਼ਨ 100%: ਗਿਵ ਯੂਅਰ ਬੈਸਟ' ਪ੍ਰੋਗਰਾਮ ਦੇ ਲਾਂਚ ਸਮੇਂ ਐਲਾਨ ਕੀਤਾ ਗਿਆ ਸੀ ਕਿ ਸਾਇੰਸ ਗਰੁੱਪ ਦੇ ਹੁਸ਼ਿਆਰ ਵਿਦਿਆਰਥੀਆਂ ਲਈ ਸੁਪਰ-5000 ਗਰੁੱਪ ਬਣਾਇਆ ਜਾਵੇਗਾ। ਜਿਸ ਦਾ ਮੰਤਵ ਨੀਟ/ਜੇ.ਈ.ਈ ਵਰਗੀਆਂ ਪ੍ਰਤੀਯੋਗੀ ਪ੍ਰੀਖਿਆਵਾਂ ਵਿਦਿਆਰਥੀਆਂ ਦੇ ਨਤੀਜੇ ਵਿੱਚ ਹੋਰ ਨਿਖਾਰ ਲਿਆਉਣਾ ਹੈ ਅਤੇ ਇਨ੍ਹਾਂ ਪ੍ਰੀਖਿਆਵਾਂ ਵਿੱਚੋਂ ਹੋਰ ਜਿਆਦਾ ਵਿਦਿਆਰਥੀਆਂ ਨੂੰ ਸਫਲਤਾ ਹਾਸਲ ਕਰਨ ਦੇ ਯੋਗ ਬਨਾਉਣ ਵਿੱਚ ਮਦਦ ਕਰਨਾ ਹੈ।
2. ਇਸ ਸਬੰਧ ਵਿੱਚ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ 12ਵੀਂ ਜਮਾਤ ਦੇ ਸਾਇੰਸ ਸਟਰੀਮ ਦੇ ਸੁਪਰ 5000 ਵਿਦਿਆਰਥੀਆਂ ਦੀ ਚੋਣ ਕੀਤੀ ਜਾਣੀ ਹੈ। ਇਨ੍ਹਾਂ ਚੋਣ ਕੀਤੇ ਗਏ ਵਿਦਿਆਰਥੀਆਂ ਨੂੰ ਨੀਟ/ਜੇ.ਈ.ਈ ਦੀ ਪ੍ਰੀਖਿਆ ਦੀ ਤਿਆਰੀ ਕਰਵਾਈ ਜਾਵੇਗੀ।
3. ਇਸ ਸੁਪਰ-5000 ਵਿਦਿਆਰਥੀਆਂ ਵਿੱਚ ਮੈਰੀਟੋਰੀਅਸ ਸਕੂਲਾਂ ਵਿੱਚ ਪੜ੍ਹਦੇ ਸਾਇੰਸ ਸਟਰੀਮ ਦੇ ਸਾਰੇ ਵਿਦਿਆਰਥੀ ਅਤੇ ਸਰਕਾਰੀ ਸਕੂਲਾਂ ਵਿੱਚ 12ਵੀਂ ਜਮਾਤ ਵਿੱਚ ਪੜ੍ਹਦੇ ਸਾਇੰਸ ਸਟਰੀਮ ਦੇ ਕੁੱਲ ਵਿਦਿਆਰਥੀਆਂ ਵਿਚੋਂ ਸਕੂਲ ਦੇ ਸਭ ਤੋਂ ਜਿਆਦਾ ਹੁਸ਼ਿਆਰ 10% ਵਿਦਿਆਰਥੀਆਂ ਨੂੰ ਚੁਣਿਆ ਜਾਵੇ, ਭਾਵ ਜੇਕਰ ਸਕੂਲ ਵਿੱਚ 14 ਤੱਕ ਵਿਦਿਆਰਥੀ ਹਨ ਤਾਂ ਘਟੋ-ਘੱਟ 01 ਵਿਦਿਆਰਥੀ, 15 ਤੋਂ 24 ਤੱਕ ਗਿਣਤੀ ਵਾਲੇ ਸਕੂਲ ਵਿੱਚ ਘੱਟੋ-ਘੱਟ 02 ਵਿਦਿਆਰਥੀ ਅਤੇ ਇਸੇ ਤਰ੍ਹਾਂ ਸਕੂਲ ਵਿੱਚ ਵਿਦਿਆਰਥੀਆਂ ਦੀ ਗਿਣਤੀ ਵੱਧ ਹੋਣ ਤੇ ਇਸੇ ਤਰੀਕੇ ਅਨੁਸਾਰ ਸੁਪਰ-5000 ਵਿਦਿਆਰਥੀਆਂ ਦੀ ਚੋਣ ਕੀਤੀ ਜਾਵੇ। ਸਕੂਲਾਂ ਨੂੰ ਜੇਕਰ ਲਗਦਾ ਹੈ ਕਿ ਉਨ੍ਹਾਂ ਦੇ ਜਿਆਦਾ ਵਿਦਿਆਰਥੀ ਇਹ ਪ੍ਰਤੀਯੋਗੀ

ਪ੍ਰੀਖਿਆਵਾਂ ਕੁਆਲੀਫਾਈ ਕਰਨ ਦੇ ਯੋਗ ਹਨ ਤਾਂ ਉਹ ਇਸ ਗਿਣਤੀ ਤੋਂ ਵੱਧ ਵਿਦਿਆਰਥੀ ਚੁਣ ਸਕਦੇ ਹਨ। ਸਕੂਲ ਦੇ ਸਭ ਤੋਂ ਹੁਸ਼ਿਆਰ ਵਿਦਿਆਰਥੀਆਂ ਵਿਚੋਂ ਇਹ ਚੋਣ ਸਕੂਲ ਆਪਣੇ ਪੱਧਰ ਤੇ ਕਰਨਗੇ ਅਤੇ ਉਹ ਇਸ ਚੋਣ ਲਈ ਜੋ ਵੀ ਵਿਧੀ ਅਪਨਾਉਣਾ ਚਾਹੁਣ, ਅਪਣਾ ਸਕਦੇ ਹਨ।

4. ਇਨ੍ਹਾਂ ਵਿਦਿਆਰਥੀਆਂ ਦੀ ਸੂਚਨਾਂ ਸਬੰਧੀ ਗੂਗਲ ਫਾਰਮ ਆਪ ਜੀ ਨੂੰ ਸ਼ੇਅਰ ਕੀਤਾ ਜਾਵੇਗਾ, ਜਿਸ ਵਿੱਚ ਇਨ੍ਹਾਂ ਚੁਣੇ ਹੋਏ 10% ਵਿਦਿਆਰਥੀਆਂ ਦੀ ਸੂਚਨਾਂ ਸਬੰਧਤ ਸਕੂਲ ਮੁਖੀਆਂ (ਸਾਇੰਸ ਗਰੁੱਪ) ਵਲੋਂ ਭਰੀ ਜਾਵੇਗੀ।

5. ਸਮੂਹ ਮੈਰੀਟੋਰੀਅਸ ਸਕੂਲਾਂ ਦੇ ਪ੍ਰਿੰਸੀਪਲ ਵਲੋਂ ਆਪਣੇ ਸਕੂਲ ਦੇ ਸਾਇੰਸ ਸਟਰੀਮ ਦੇ ਲੈਕਚਰਾਰਾਂ ਨੂੰ ਇਸ ਪ੍ਰੋਗਰਾਮ ਦਾ ਨੋਡਲ ਇੰਚਾਰਜ (ਹਰੇਕ ਵਿਸ਼ੇ ਲਈ ਇੱਕ ਲੈਕਚਰਾਰ ਪ੍ਰਤੀ ਮੈਰੀਟੋਰਅਸ ਸਕੂਲ) ਬਣਾਇਆ ਗਿਆ ਹੈ (ਲਿਸਟ ਨਾਲ ਨੱਥੀ ਹੈ)। ਸਮੂਹ ਮੈਰੀਟੋਰੀਅਸ ਸਕੂਲਾਂ ਦੇ ਪ੍ਰਿੰਸੀਪਲ ਵਲੋਂ ਨਿਯੁਕਤ ਕੀਤੇ ਗਏ ਨੋਡਲ ਇੰਚਾਰਜ ਲੈਕਚਰਾਰ ਇਸ ਪ੍ਰੋਗਰਾਮ ਲਈ ਹੇਠ ਜਿਕਰ ਕੀਤੇ ਜਿਲ੍ਹਿਆਂ ਲਈ ਨੋਡਲ ਅਫਸਰ (ਸੁਪਰ-5000) ਹੋਣਗੇ, ਜੋ ਕਿ ਹੇਠ ਆਪਣੇ ਸਕੂਲ ਦੇ ਨਾਲ-ਨਾਲ ਹੇਠ ਲਿਖੇ ਅਨੁਸਾਰ ਜਿਲ੍ਹਿਆਂ ਦੇ ਵਿਦਿਆਰਥੀਆਂ ਨੂੰ ਵੀ ਕਵਰ ਕਰਣਗੇ:-

| ਲੜੀ ਨੰ: | ਮੈਰੀਟੋਰੀਅਸ ਸਕੂਲ ਦਾ ਨਾਂ | ਕਵਰ ਕੀਤੇ ਜਾਣ ਵਾਲੇ ਜਿਲ੍ਹੇ |
|---|---|---|
| 1 | ਮੈਰੀਟੋਰੀਅਸ ਸਕੂਲ, ਗੁਰਦਾਸਪੁਰ | ਗੁਰਦਾਸਪੁਰ ਅਤੇ ਪਠਾਨਕੋਟ ਦੇ ਚੁਣੇ ਗਏ ਸਰਕਾਰੀ ਸਕੂਲਾਂ ਦੇ ਵਿਦਿਆਰਥੀ |
| 2 | ਮੈਰੀਟੋਰੀਅਸ ਸਕੂਲ, ਹੁਸ਼ਿਆਰਪੁਰ | ਹੁਸ਼ਿਆਰਪੁਰ ਅਤੇ ਸਭਸ ਨਗਰ ਦੇ ਚੁਣੇ ਗਏ ਸਰਕਾਰੀ ਸਕੂਲਾਂ ਦੇ ਵਿਦਿਆਰਥੀ |
| 3 | ਮੈਰੀਟੋਰੀਅਸ ਸਕੂਲ, ਅਮ੍ਰਿਤਸਰ | ਅੰਮ੍ਰਿਤਸਰ ਅਤੇ ਤਰਨਤਾਰਨ ਦੇ ਚੁਣੇ ਗਏ ਸਰਕਾਰੀ ਸਕੂਲਾਂ ਦੇ ਵਿਦਿਆਰਥੀ |
| 4 | ਮੈਰੀਟੋਰੀਅਸ ਸਕੂਲ, ਜਲੰਧਰ | ਜਲੰਧਰ ਅਤੇ ਕਪੂਰਥਲਾ ਦੇ ਚੁਣੇ ਗਏ ਸਰਕਾਰੀ ਸਕੂਲਾਂ ਦੇ ਵਿਦਿਆਰਥੀ |
| 5 | ਮੈਰੀਟੋਰੀਅਸ ਸਕੂਲ, ਮੋਹਾਲੀ | ਮੋਹਾਲੀ ਅਤੇ ਰੋਪੜ ਦੇ ਚੁਣੇ ਗਏ ਸਰਕਾਰੀ ਸਕੂਲਾਂ ਦੇ ਵਿਦਿਆਰਥੀ |
| 6 | ਮੈਰੀਟੋਰੀਅਸ ਸਕੂਲ, ਪਟਿਆਲਾ | ਪਟਿਆਲਾ ਅਤੇ ਫਤਹਿਗੜ੍ਹ ਸਾਹਿਬ ਦੇ ਚੁਣੇ ਗਏ ਸਰਕਾਰੀ ਸਕੂਲਾਂ ਦੇ ਵਿਦਿਆਰਥੀ |
| 7 | ਮੈਰੀਟੋਰੀਅਸ ਸਕੂਲ, | ਸੰਗਰੂਰ, ਬਰਨਾਲਾ ਅਤੇ ਮਲੇਰਕੋਟਲਾ ਦੇ ਚੁਣੇ ਗਏ |

| | | |
|---|---|---|
| | ਸੰਗਰੂਰ | ਸਰਕਾਰੀ ਸਕੂਲਾਂ ਦੇ ਵਿਦਿਆਰਥੀ |
| 8 | ਮੈਰੀਟੋਰੀਅਸ ਸਕੂਲ, ਬਠਿੰਡਾ | ਬਠਿੰਡਾ, ਮਾਨਸਾ ਅਤੇ ਸ੍ਰੀ ਮੁਕਤਸਰ ਸਾਹਿਬ ਦੇ ਚੁਣੇ ਗਏ ਸਰਕਾਰੀ ਸਕੂਲਾਂ ਦੇ ਵਿਦਿਆਰਥੀ |
| 9 | ਮੈਰੀਟੋਰੀਅਸ ਸਕੂਲ, ਫਿਰੋਜ਼ਪੁਰ | ਫਿਰੋਜ਼ਪੁਰ, ਫਾਜ਼ਿਲਕਾ ਅਤੇ ਫਰੀਦਕੋਟ ਦੇ ਚੁਣੇ ਗਏ ਸਰਕਾਰੀ ਸਕੂਲਾਂ ਦੇ ਵਿਦਿਆਰਥੀ |
| 10 | ਮੈਰੀਟੋਰੀਅਸ ਸਕੂਲ, ਲੁਧਿਆਣਾ | ਲੁਧਿਆਣਾ ਅਤੇ ਮੋਗਾ ਦੇ ਚੁਣੇ ਗਏ ਸਰਕਾਰੀ ਸਕੂਲਾਂ ਦੇ ਵਿਦਿਆਰਥੀ |

6. ਨਿਯੁਕਤ ਕੀਤੇ ਗਏ ਨੋਡਲ ਅਧਿਆਪਕ ਨੀਟ/ਜੇ.ਈ.ਈ ਵਰਗੀਆਂ ਪ੍ਰਤੀਯੋਗੀ ਪ੍ਰੀਖਿਆਵਾਂ ਸਬੰਧੀ ਸੂਚਨਾਂ (ਜਿਵੇਂ ਰਜਿਸਟ੍ਰੇਸ਼ਨ ਦੀ ਮਿਤੀ, ਪ੍ਰੀਖਿਆ ਦੀ ਮਿਤੀ ਆਦਿ) ਇਕੱਤਰ ਕਰਨਗੇ, ਜਿਥੋਂ ਵੀ ਵਧੀਆ ਸਟੱਡੀ ਮਟੀਰੀਅਲ ਉਪਲਬੱਧ ਹੋਵੇਗਾ, ਡਾਊਨਲੋਡ ਕਰਕੇ ਜਾਂ ਕੋਈ ਹੋਰ ਉਪਰਾਲਾ ਸੰਭਵ ਹੋਵੇ, ਉਸ ਰਾਹੀਂ ਸਟੱਡੀ ਮਟੀਰੀਅਲ ਪ੍ਰਾਪਤ ਕਰਕੇ ਆਪਣੇ ਸਕੂਲਾਂ ਅਤੇ ਅਲਾਟ ਕੀਤੇ ਜਿਲ੍ਹਿਆਂ ਦੇ ਸਾਇੰਸ ਗਰੁੱਪ ਵਾਲੇ ਸਕੂਲਾਂ ਨੂੰ ਭੇਜਣਗੇ। ਸਬੰਧਤ ਸਕੂਲ ਮੁੱਖੀ ਆਪਣੇ ਸਕੂਲ ਦੇ ਲੈਕਚਰਾਰਾਂ ਰਾਹੀਂ ਵਿਦਿਆਰਥੀਆਂ ਦੇ ਵਟੱਸਐਪ ਗਰੁੱਪ ਜਾਂ ਜਿਸ ਮੋਡ ਰਾਹੀਂ ਉਹ ਠੀਕ ਸਮਝਣ, ਇਨ੍ਹਾਂ ਪ੍ਰਤੀਯੋਗੀ ਪ੍ਰੀਖਿਆਵਾਂ ਸਬੰਧੀ ਸਾਰੀ ਜਾਣਕਾਰੀ/ ਸਟੱਡੀ ਮਟੀਰੀਅਲ ਆਦਿ ਆਪਣੇ ਸਕੂਲ ਦੇ ਵਿਦਿਆਰਥੀਆਂ ਨਾਲ ਸਾਂਝਾ ਕਰਨਗੇ।

7. ਹਰ ਸਾਇੰਸ ਗਰੁੱਪ ਵਾਲੇ ਸਕੂਲ ਦੇ ਵਿਸ਼ਾ ਲੈਕਚਰਾਰ/ਅਧਿਆਪਕ ਨੂੰ ਬੇਨਤੀ ਹੈ ਕਿ ਉਹ ਆਪਣੇ ਵਿਸ਼ੇ ਦੀ ਇਨ੍ਹਾਂ ਪ੍ਰਤੀਯੋਗੀ ਪ੍ਰੀਖਿਆਵਾਂ ਦੀ ਤਿਆਰੀ ਲਈ ਵਿਦਿਆਰਥੀਆਂ ਦੀ ਸਮਰਪਿਤ ਭਾਵਨਾ ਨਾਲ ਤਿਆਰੀ ਕਰਵਾਉਣ, ਹਰ ਤਰ੍ਹਾਂ ਦਾ ਵਧੀਆ ਸਟੱਡੀ ਮਟੀਰੀਅਲ ਉਪਲਬੱਧ ਕਰਵਾਉਣ ਦੀ ਕੋਸ਼ਿਸ਼ ਕਰਨ, ਵਾਧੂ ਕਲਾਸਾਂ ਲਗਾਉਣ ਅਤੇ ਡਾਊਟ ਕਲੀਅਰ ਕਰਨ ਲਈ ਆਨਲਾਇਨ ਉਪਲਬੱਧ ਰਹਿਣ।

ਡਾਇਰੈਕਟਰ

ਐਸ.ਸੀ.ਈ.ਆਰ.ਟੀ., ਪੰਜਾਬ।

ਮਿਤੀ: 05-01-2024

ਪਿੱਠ ਅੰਕਣ ਨੰ: ੳ/23

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਪੀ.ਏ. ਟੂ ਮਾਨਯੋਗ ਸਿੱਖਿਆ ਮੰਤਰੀ, ਪੰਜਾਬ।
2. ਪੀ.ਏ. ਟੂ ਮਾਨਯੋਗ ਸਕੱਤਰ ਸਕੂਲ ਸਿੱਖਿਆ, ਪੰਜਾਬ।

3. ਪੀ.ਏ. ਟੂ ਸਮੂਹ ਵਿਸ਼ੇਸ਼ ਸਕੂਲ ਸਿੱਖਿਆ, ਪੰਜਾਬ।
4. ਪੀ.ਏ. ਟੂ ਡੀ.ਜੀ.ਐਸ.ਈ., ਪੰਜਾਬ।
5. ਪੀ.ਏ. ਟੂ ਡਾਇਰੈਕਟਰ ਸਕੂਲ ਸਿੱਖਿਆ (ਸੈਕੰਡਰੀ)।
6. ਪੀ.ਏ. ਟੂ ਡਾਇਰੈਕਟਰ ਐਸ.ਸੀ.ਈ.ਆਰ.ਟੀ., ਪੰਜਾਬ।
7. ਪੀ.ਏ. ਟੂ ਪ੍ਰੋਜੈਕਟ ਡਾਇਰੈਕਟਰ, ਮੈਰੀਟੋਰੀਅਸ ਸੋਸਾਇਟੀ।
8. ਸਟੇਟ ਐਸ.ਆਰ.ਪੀ. ਸਾਇੰਸ ਸਟ੍ਰੀਮ।

ਸਹਾਇਕ ਡਾਇਰੈਕਟਰ-ਕਮ-
ਨੋਡਲ ਅਫਸਰ ਮਿਸ਼ਨ 100%
ਪੰਜਾਬ।

# ਸਾਇੰਸ ਸਟਰੀਮ ਦੇ ਸੁਪਰ 5000 ਵਿਦਿਆਰਥੀਆਂ ਲਈ ਨਿਯੁਕਤ ਕੀਤੇ ਗਏ ਨੋਡਲ ਅਧਿਆਪਕ

| ਲੜੀ ਨੰ: | ਮੈਰੀਟੋਰੀਅਸ ਸਕੂਲ ਦਾ ਨਾਂ | ਨਿਯੁਕਤ ਕੀਤੇ ਗਏ ਲੈਕਚਰਾਰ ਦਾ ਨਾਂ ਅਤੇ ਅਹੁਦਾ | ਵਿਸ਼ਾ ਜਿਸ ਲਈ ਨੋਡਲ ਇੰਚਾਰਜ ਨਿਯੁਕਤ ਕੀਤਾ ਗਿਆ | ਕਵਰ ਕੀਤੇ ਜਾਣ ਵਾਲਾ ਜਿਲ੍ਹਾ |
|---|---|---|---|---|
| 1 | ਮੈਰੀਟੋਰੀਅਸ ਸਕੂਲ ਬਠਿੰਡਾ | ਅਮਨਵੀਰ ਕੌਰ, ਲੈਕਚਰਾਰ ਫਿਜਿਕਸ | ਫਿਜਿਕਸ | ਬਠਿੰਡਾ,ਮਾਨਸਾ ਅਤੇ ਸ੍ਰੀ ਮੁਕਤਸਰ ਸਾਹਿਬ |
| | | ਆਚਲ ਅਹੂੱਜਾ, ਲੈਕਚਰਾਰ ਕੈਮਿਸਟਰੀ | ਕੈਮਿਸਟਰੀ | |
| | | ਰਮਨਦੀਪ ਕੌਰ, ਲੈਕਚਰਾਰ ਬਾਇਓਲੋਜੀ | ਬਾਇਓਲੋਜੀ | |
| | | ਮੋਨਿਕਾ ਜਸੋਰੀਆ, ਲੈਕਚਰਾਰ ਮੈਥ | ਮੈਥ | |
| 2 | ਮੈਰੀਟੋਰੀਅਸ ਸਕੂਲ, ਜਲੰਧਰ | ਮੀਨਾਕਸ਼ੀ, ਲੈਕਚਰਾਰ ਫਿਜਿਕਸ | ਫਿਜਿਕਸ | ਜਲੰਧਰ, ਕਪੂਰਥਲਾ |
| | | ਪਾਇਲ ਮਨਹਾਸ, ਲੈਕਚਰਾਰ ਕੈਮਿਸਟਰੀ | ਕੈਮਿਸਟਰੀ | |
| | | ਨਰਿੰਦਰ ਕੁਮਾਰ, ਲੈਕਚਰਾਰ ਬਾਇਓਲੋਜੀ | ਬਾਇਓਲੋਜੀ | |
| | | ਸੁਰਿੰਦਰ ਕੌਰ, ਲੈਕਚਰਾਰ ਮੈਥ | ਮੈਥ | |
| 3 | ਮੈਰੀਟੋਰੀਅਸ ਸਕੂਲ, ਫਿਰੋਜ਼ਪੁਰ | ਜਸਵਿੰਦਰ ਸਿੰਘ, ਲੈਕਚਰਾਰ ਫਿਜਿਕਸ | ਫਿਜਿਕਸ | ਫਿਰੋਜ਼ਪੁਰ, ਫਾਜਿਲਕਾ, ਫਰੀਦਕੋਟ |
| | | ਗਿੰਨੀ ਬਾਂਸਲ, ਲੈਕਚਰਾਰ ਕੈਮਿਸਟਰੀ | ਕੈਮਿਸਟਰੀ | |
| | | ਰੂਪਪ੍ਰੀਤ ਕੌਰ, ਲੈਕਚਰਾਰ ਬਾਇਓਲੋਜੀ | ਬਾਇਓਲੋਜੀ | |
| | | ਗਗਨਦੀਪ ਕੌਰ, ਲੈਕਚਰਾਰ ਮੈਥ | ਮੈਥ | |
| 4 | ਮੈਰੀਟੋਰੀਅਸ ਸਕੂਲ ਲੁਧਿਆਣਾ | ਜਸਪ੍ਰੀਤ ਕੌਰ, ਲੈਕਚਰਾਰ ਫਿਜਿਕਸ | ਫਿਜਿਕਸ | ਲੁਧਿਆਣਾ ਅਤੇ ਮੋਗਾ |
| | | ਮੋਹੰਮਦ ਸਾਦਿਕ, ਲੈਕਚਰਾਰ ਕੈਮਿਸਟਰੀ | ਕੈਮਿਸਟਰੀ | |
| | | ਰਾਜਵੀਰ ਕੌਰ, ਲੈਕਚਰਾਰ ਬਾਇਓਲੋਜੀ | ਬਾਇਓਲੋਜੀ | |
| | | ਰੈਨੂੰ ਬਾਲਾ, ਲੈਕਚਰਾਰ ਮੈਥ | ਮੈਥ | |
| 5 | ਮੈਰੀਟੋਰੀਅਸ ਸਕੂਲ, ਪਟਿਆਲਾ | ਮੀਨੂੰ, ਲੈਕਚਰਾਰ ਫਿਜਿਕਸ | ਫਿਜਿਕਸ | ਪਟਿਆਲਾ, ਫਤਹਿਗੜ੍ਹ |
| | | ਪਰਨੀਤ ਕੌਰ ਸੰਧੂ, ਲੈਕਚਰਾਰ ਕੈਮਿਸਟਰੀ | ਕੈਮਿਸਟਰੀ | |
| | | ਰਜਨੀ ਧੀਮਾਨ, ਲੈਕਚਰਾਰ ਬਾਇਓਲੋਜੀ | ਬਾਇਓਲੋਜੀ | |
| | | ਡਾ. ਸ਼ਬੀਨਾ, ਲੈਕਚਰਾਰ ਮੈਥ | ਮੈਥ | |
| 6 | ਮੈਰੀਟੋਰੀਅਸ ਸਕੂਲ, ਤਲਵਾੜਾ (ਹੁਸ਼ਿਆਰਪੁਰ) | ਸ਼ਿਖਾ ਸ਼ਰਮਾ, ਲੈਕਚਰਾਰ ਫਿਜਿਕਸ | ਫਿਜਿਕਸ | ਹੁਸ਼ਿਆਰਪੁਰ, ਸ.ਭ.ਸ ਨਗਰ |
| | | ਸਾਕਸ਼ੀ, ਲੈਕਚਰਾਰ ਕੈਮਿਸਟਰੀ | ਕੈਮਿਸਟਰੀ | |
| | | ਮੀਨਾਕਸ਼ੀ ਦੇਵੀ, ਲੈਕਚਰਾਰ ਬਾਇਓਲੋਜੀ | ਬਾਇਓਲੋਜੀ | |
| | | ਸ਼ਿਖਾ ਸ਼ਰਮਾ, ਲੈਕਚਰਾਰ ਫਿਜਿਕਸ | ਮੈਥ | |
| 7 | ਮੈਰੀਟੋਰੀਅਸ ਸਕੂਲ, ਸੰਗਰੂਰ | ਪੂਜਾ ਗਰਗ, ਲੈਕਚਰਾਰ ਫਿਜਿਕਸ | ਫਿਜਿਕਸ | ਸੰਗਰੂਰ, ਬਰਨਾਲਾ ਅਤੇ ਮਲੇਰਕੋਟਲਾ |
| | | ਨੇਹਾ ਗੁਪਤਾ, ਲੈਕਚਰਾਰ ਕੈਮਿਸਟਰੀ | ਕੈਮਿਸਟਰੀ | |
| | | ਸੰਦੀਪ ਕੌਰ, ਲੈਕਚਰਾਰ ਬਾਇਓਲੋਜੀ | ਬਾਇਓਲੋਜੀ | |
| | | ਮਨਪ੍ਰੀਤ ਕੌਰ, ਲੈਕਚਰਾਰ ਮੈਥ | ਮੈਥ | |
| 8 | ਮੈਰੀਟੋਰੀਅਸ ਸਕੂਲ, ਅੰਮ੍ਰਿਤਸਰ | ਕਿਰਨਜੀਤ ਕੌਰ, ਲੈਕਚਰਾਰ ਫਿਜਿਕਸ | ਫਿਜਿਕਸ | ਅਮ੍ਰਿਤਸਰ ਅਤੇ ਤਰਨਤਾਰਨ |
| | | ਬਿਕਰਮਜੀਤ ਕੌਰ, ਲੈਕਚਰਾਰ ਕੈਮਿਸਟਰੀ | ਕੈਮਿਸਟਰੀ | |
| | | ਨਵਦੀਪ ਕੌਰ, ਲੈਕਚਰਾਰ ਬਾਇਓਲੋਜੀ | ਬਾਇਓਲੋਜੀ | |
| | | ਅਵਿਨਾਸ਼ ਕੌਰ, ਲੈਕਚਰਾਰ ਮੈਥ | ਮੈਥ | |
| 9 | ਮੈਰੀਟੋਰੀਅਸ ਸਕੂਲ ਗੁਰਦਾਸਪੁਰ | ਨਮਰਤਾ ਸ਼ਰਮਾ, ਲੈਕਚਰਾਰ ਫਿਜਿਕਸ | ਫਿਜਿਕਸ | ਗੁਰਦਾਸਪੁਰ ਅਤੇ ਪਠਾਨਕੋਟ |
| | | ਅਮਰਿੰਦਰ ਕੌਰ, ਲੈਕਚਰਾਰ ਕੈਮਿਸਟਰੀ | ਕੈਮਿਸਟਰੀ | |
| | | ਸ਼ਰਨਜੀਤ ਕੌਰ, ਲੈਕਚਰਾਰ ਬਾਇਓਲੋਜੀ | ਬਾਇਓਲੋਜੀ | |
| | | ਸਵਾਤੀ, ਲੈਕਚਰਾਰ ਮੈਥ | ਮੈਥ | |
| 10 | ਮੈਰੀਟੋਰੀਅਸ ਸਕੂਲ, ਮੋਹਾਲੀ | ਅਮਨਜੋਤ ਕੌਰ, ਲੈਕਚਰਾਰ ਫਿਜਿਕਸ | ਫਿਜਿਕਸ | ਮੋਹਾਲੀ ਅਤੇ ਰੋਪੜ |
| | | ਨੇਹਾ ਦਿਵੇਦੀ, ਲੈਕਚਰਾਰ ਕੈਮਿਸਟਰੀ | ਕੈਮਿਸਟਰੀ | |
| | | ਕੁਸਮ ਲਤਾ, ਲੈਕਚਰਾਰ ਬਾਇਓਲੋਜੀ | ਬਾਇਓਲੋਜੀ | |
| | | ਸੁਨੀਤਾ ਬਿਸਤ, ਲੈਕਚਰਾਰ ਮੈਥ | ਮੈਥ | |